## 1:21-26

# ਜ਼ਿੰਦਗੀ ਜਾਂ ਮੌਤ ਦਾ ਸਵਾਲ

ਵਿਲੀਅਮ ਸ਼ੇਕਸਪੀਅਰ ਦਾ ਇਕ ਪ੍ਰਸਿੱਧ ਨਾਟਕ *ਹੈਮਲੇਟ* ਹੈ। ਨਾਟਕ ਦੀ ਸਭ ਤੋਂ ਮਸ਼ਹੂਰ ਪੰਗਤੀ ''ਹੈਮਲੇਟ ਦਾ ਸਵਾਗਤ ਕਥਨ'' ਦਾ ਸ਼ੁਰੂ: ''ਹੋਣਾ ਜਾਂ ਨਾ ਹੋਣਾ, ਸਵਾਲ ਤਾਂ ਇਹੀ ਹੈ।''[1] ਇਹ ਸ਼ਬਦ ਜਾਣੇ ਪਛਾਣੇ ਹਨ, ਪਰ ਕੀ ਸਾਨੂੰ ਹੈਮਲੇਟ ਦਾ ਸਵਾਲ ਸਮਝ ਆਇਆ? ਉਹ ਆਤਮ ਹੱਤਿਆ ਤੇ ਵਿਚਾਰ ਕਰ ਰਿਹਾ ਸੀ। ਉਹ ਜ਼ਿੰਦਗੀ ਅਤੇ ਮੌਤ ਵਿਚਕਾਰ ਫੈਸਲਾ ਲੈਣ ਦੀ ਕੋਸ਼ਿਸ਼ ਕਰ ਰਿਹਾ ਸੀ: (''ਜੀਣਾ'' ''ਹੋਣਾ'' ਜਾਂ ''ਮਰਨ'' ''ਨਾ ਹੋਣਾ'')। 1:20–26 ਵਿਚ ਪੌਲੁਸ ਨੂੰ ਇਹ ਸਮਝਣ ਵਿਚ ਦਿੱਕਤ ਆ ਰਹੀ ਸੀ ਕਿ ਜੀਣਾ ਬੇਹਤੱਰ ਹੈ ਜਾਂ ਮਰਨਾ। ਇਕ ਮੁਸਾਫ਼ਰ ਵਾਂਗ ਜਿਹੜਾ ਤੰਗ ਥਾਂ ਵਿਚ ''ਧੱਸਿਆ ਹੋਏ'' ਉਹ ''ਇਕ ਪਾਸੇ ਪੱਥਰ ਦੀ ਕੰਧ ਨਾਲ ਦੱਬਿਆ ਹੋਵੇਗਾ ਜਿਹੜਾ ਮੁੜ ਨਾ ਸਕਦਾ ਹੋਵੇ ਅਤੇ ਸਿਰਫ਼ ਅੱਗੇ ਹੀ ਵੱਧ ਸਕਦਾ ਹੋਵੇਗਾ।''[2] ਅੱਜ ਅਸੀਂ ਆਖ ਸਕਦੇ ਹਾਂ ਕਿ ਉਹ ''ਪੱਥਰ ਅਤੇ ਸਖ਼ਤ ਥਾਂ ਵਿਚਕਾਰ'' ਸੀ। ਦੋਹਾਂ ਕੰਧਾਂ ਨਾਲ ਬਣੀ ਦੁਚਿੱਤੀ ਜ਼ਿੰਦਗੀ ਅਤੇ ਮੌਤ ਵੀ ਸੀ।[3]

ਹੈਮਲੇਟ ਅਤੇ ਪੌਲੁਸ ਇੱਕੋ ਜਿਹੇ ਸਵਾਲਾਂ ਤੇ ਵਿਚਾਰ ਕਰ ਰਹੇ ਸਨ ਪਰ ਉਨ੍ਹਾਂ ਵਿਚਕਾਰ ਫ਼ਰਕ ਕੀ ਸੀ। ਹੈਮਲੇਟ ਆਪਣੇ ਹੱਥੀਂ ਮੌਤ ਤੇ ਵਿਚਾਰ ਕਰ ਰਿਹਾ ਸੀ ਜਦ ਕਿ ਪੌਲੁਸ ਨਤੀਜਾ ਖ਼ੁਦਾ ਦੇ ਹੱਥ ਦੇ ਰਿਹਾ ਸੀ। ਹੈਮਲੇਟ ਨੂੰ ਕੋਈ ਵੀ ਬਦਲ ਪਸੰਦ ਨਹੀਂ ਸੀ ਕਿਉਂਕਿ ਉਹ ਜ਼ਿੰਦਗੀ ਤੋਂ ਅੱਕਿਆ ਹੋਇਆ ਸੀ ਪਰ ਮੌਤ ਤੋਂ ਡਰਦਾ ਸੀ; ਪੌਲੁਸ ਵਾਸਤੇ ਕੋਈ ਵੀ ਬਦਲ ਚੰਗਾ ਸੀ।[4] ਇਹ ਆਇਤਾਂ ਸਿੱਧੇ ਜਾਂ ਅਸਿੱਧੇ ਤੌਰ ਤੇ ਇਸ ਬਾਰੇ ਦੱਸਦੀਆਂ ਹਨ ਕਿ ਪੌਲੁਸ ਜ਼ਿੰਦਾ ਰਿਹਾ ਜਾਂ ਮਰ ਗਿਆ।

### ਪੌਲੁਸ ਦੀ ਦੁਵਿਧਾ (1:21-24)

**21ਕਿਉਂਕਿ ਜੀਉਣਾ ਮੇਰੇ ਲਈ ਮਸੀਹ ਹੈ ਅਤੇ ਮਰਨਾ ਲਾਭ ਹੈ। 22ਪਰ ਜੇ ਸਰੀਰ ਵਿਚ ਜੀਉਂਦਾ ਰਹਿਣਾ, ਜੇ ਇਸ ਤੋਂ ਮੈਨੂੰ ਮਿਹਨਤ ਦਾ ਫਲ ਪਰਾਪਤ ਹੋਵੇ ਤਾਂ ਮੈਂ ਨਹੀਂ ਜਾਣਦਾ ਜੋ ਮੈਂ ਕਿਹ ਨੂੰ ਚੁਣਾਂ। 23ਪਰ ਮੈਂ ਦੋਹਾਂ ਦੇ ਵਿਚਾਲੇ ਫਸਿਆ ਹੋਇਆ ਹਾਂ। ਮੈਂ ਚਾਹੁੰਦਾ ਹਾਂ ਭਈ ਛੁਟਕਾਰਾ ਪਾਵਾਂ ਅਤੇ ਮਸੀਹ ਦੇ ਕੋਲ ਜਾ ਰਹਾਂ ਇਸ ਲਈ ਜੋ ਇਹ ਬਹੁਤ ਹੀ ਉੱਤਮ ਹੈ। 24ਪਰ ਸਰੀਰ ਵਿਚ ਮੇਰਾ ਰਹਿਣਾ ਤੁਹਾਡੇ ਨਮਿੱਤ ਵਧੀਕ ਲੋੜੀਦਾ ਹੈ।**

ਨੀਰੋ ਅੱਗੇ ਉਸ ਦੀ ਪੇਸ਼ੀ ਦਾ ਨਤੀਜਾ ਜੋ ਵੀ ਹੋਵੇ ਭਾਵੇਂ ਉਹ ਛੁਟ ਜਾਵੇ (ਅਤੇ ਉਸ ਨੂੰ ਜੀਣ ਦੀ ਇਜਾਜ਼ਤ ਮਿਲ ਜਾਵੇ) ਤੇ ਭਾਵੇਂ ਅਦਾਲਤ ਉਸ ਨੂੰ ਮੌਤ ਦੀ ਸਜਾ ਦੇ ਦੇਵੇ। ਪੌਲੁਸ ਨੇ ਹਰ ਹਾਲ ਵਿਚ ਮਸੀਹ ਨੂੰ ਵਡਿਆਈ ਦੇਣ ਦਾ ਇਰਾਦਾ ਕੀਤਾ ਹੋਇਆ ਸੀ।

ਆਇਤ 20 ਵਿਚ ''ਭਾਵੇਂ ਜੀਉਣ ਤੋਂ ਭਾਵੇਂ ਮਰਨ ਤੋਂ'' ਜ਼ਿੰਦਗੀ ਅਤੇ ਮੌਤ ਬਾਰੇ ਉਸ ਦਾ ਕਾਰਣ ਬਣਿਆ ਜਿਸ ਨੂੰ ''ਪੌਲੁਸ ਦੀ ਖ਼ੁਦਕਲਮੀ''[5] ਕਿਹਾ ਜਾਂਦਾ ਹੈ। ਅਗਲੀਆਂ ਆਇਤਾਂ ਵਿਚ ਪੌਲੁਸ ਦੀ ਲਿਖਤ ਦੇ ਹੋਰ ਅਜੀਬ ਭਾਗਾਂ ਵਿੱਚੋਂ ਇਕ ਹੈ ਜਿਸ ਵਿਚ ਉਸ ਨੇ ਫ਼ਿਲਾਸਫ਼ੀ ਵਜੋਂ ਇਸ ਗੱਲ ਤੇ ਚਰਚਾ ਕੀਤੀ ਕਿ ਉਹਦੇ ਲਈ ਜੀਣਾ ਬੇਹਤਰ ਹੈ ਜਾਂ ਮਰਨਾ।

ਪੌਲੁਸ ਆਪਣੇ ਦਿਲ ਨੂੰ ਬੁੱਝਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਉਸ ਦੀ ਤਰਜੀਹ ਦਾ ਨਤੀਜਾ

ਕੀ ਹੋਵੇਗਾ। ਇਹ ਤਾਂ ਇਵੇਂ ਹੈ ਜਿਵੇਂ ਰਸੂਲ ਨੇ ਇਕ ਕਾਗਜ਼ ਦੇ ਵਿਚਕਾਰ ਲਕੀਰ ਖਿੱਚ ਦਿੱਤੀ ਹੋਵੇ। ਇਕ ਪਾਸੇ ਸਿਰੇ ਤੇ ਉਹ ਨੇ ''ਜ਼ਿੰਦਗੀ ਲਈ'' ਲਿਖ ਦਿੱਤਾ। ਦੂਜੇ ਪਾਸੇ ''ਮੌਤ ਲਈ'' ਸਬਦਾਂ ਵਾਲਾ ਖਾਨਾ ਬਣਾ ਦਿੱਤਾ। ਫਿਰ ਉਸ ਨੇ ਦੋਹਾਂ ਸਿਰਲੇਖਾਂ ਹੇਠ ਹਰ ਬਦਲ ਦੇ ਫ਼ਾਇਦੇ ਲਿਖ ਦਿੱਤੇ।

**ਆਇਤ 21.** ਪੌਲੁਸ ਨੇ ਜੀਣ ਦੇ ਕਾਰਣ ਨਾਲ ਸ਼ੁਰੂਆਤ ਕੀਤੀ: *ਜ਼ਿੰਦਗੀ = ਮਸੀਹ*। **ਕਿਉਂਕਿ ਜੀਉਣਾ ਮੇਰੇ ਲਈ ਮਸੀਹ ਹੈ।** ਇਹ ''ਨਵੇਂ ਨੇਮ ਦੇ ਸ਼ਾਨਦਾਰ ਵਚਨਾਂ ਵਿੱਚੋਂ ਇਕ'' ਹੈ।[6] ਇਸ ਨੂੰ ਫ਼ਿਲਿੱਪੀਆਂ ਦੀ ਕਿਤਾਬ ਦਾ ਦਿਲ ਕਿਹਾ ਗਿਆ ਹੈ।

''ਮੇਰੇ ਲਈ'' ਦਾ ਅਨੁਵਾਦ *emoi* (*ਏਮੋਇ*) ਤੋਂ ਕੀਤਾ ਗਿਆ ਹੈ ਜਿਹੜਾ ਇਸ ਤੇ ਜ਼ੋਰ ਦਿੰਦਿਆਂ ਵਾਕ ਦੇ ਸ਼ੁਰੂ ਵਿਚ ਮਿਲਦਾ ਹੈ। ਬੁਨਿਆਦੀ ਤੌਰ ਤੇ ਪੌਲੁਸ ਕਹਿ ਰਿਹਾ ਸੀ ''ਦੂਜਿਆਂ ਲਈ ਜ਼ਿੰਦਗੀ ਭਾਵੇਂ ਜੋ ਵੀ ਹੋਵੇ ਪਰ *ਮੇਰੇ ਲਈ,* ਇਹ ਮਸੀਹ ਹੈ।'' ਫ਼ਿਲਿਪਸ ਦੇ ਅਨੁਵਾਦ ਵਿਚ ਹੈ ''ਮੇਰੇ ਲਈ ਜੀਣ ਦਾ ਮਤਲਬ 'ਸਿਰਫ਼ ਮਸੀਹ' ਸੀ।'' ਮਸੀਹ ਪੌਲੁਸ ਦੀ ਜ਼ਿੰਦਗੀ ਦੀ ਸ਼ੁਰੂਆਤ, ਉਸ ਦੀ ਜ਼ਿੰਦਗੀ ਦੀ ਚੁਣੌਤੀ, ਉਸ ਦੀ ਜ਼ਿੰਦਗੀ ਦੀ ਪ੍ਰੇਰਣਾ, ਉਸ ਦੀ ਜ਼ਿੰਦਗੀ ਦੀ ਸ਼ਕਤੀ ਅਤੇ ਉਸ ਦੀ ਜ਼ਿੰਦਗੀ ਦਾ ਟੀਚਾ ਸੀ।

ਇਸ ਸੰਭਾਵਨਾ ਤੇ ਵਿਚਾਰ ਕਰਦਿਆਂ ਕਿ ਉਹ ਆਉਣ ਵਾਲੀ ਪੇਸ਼ੀ ਤੋਂ ਬਚ ਜਾਏਗਾ। ਉਸ ਨੇ ਨਿਚੋੜ ਕੱਢਿਆ ਕਿ ਇਹ ਸਹੀ ਰਹੇਗਾ। ਉਹ ਫਿਰ ਮਸੀਹ ਦੇ ਨੇੜੇ ਹੀ ਰਹੇਗਾ।

ਦੂਜੇ ਪਾਸੇ ਹੋ ਸਕਦਾ ਹੈ ਕਿ ਉਹ ਨਾ ਛੁੱਟੇ ਅਤੇ ਉਸ ਨੂੰ ਜਾਨ ਤੋਂ ਹੱਥ ਧੋਣੇ ਪੈ ਸਕਦੇ ਸਨ। (ਅਸਲ ਵਿਚ ਉਸ ਨੂੰ ਕੁਝ ਸਾਲਾਂ ਬਾਅਦ ਮੌਤ ਮਿਲ *ਗਈ,* ਜਦ ਉਸ ਨੂੰ ਰੋਮ ਵਿਚ ਦੂਜੀ ਵਾਰ ਕੈਦ ਕੀਤਾ ਗਿਆ ਸੀ।) ਪੌਲੁਸ ਨੇ ਕਾਰਣ ਦੱਸਿਆ ਕਿ ਉਸ ਨੂੰ ਇਸ ਸੰਭਾਵਨਾ ਤੋਂ ਡਰ ਕਿਉਂ ਨਹੀਂ ਸੀ ਲਗਦਾ: *ਮੌਤ = ਲਾਭ*। ਉਸ ਨੇ ਆਖਿਆ, **ਮਰਨਾ ਲਾਭ ਹੈ।** ਉਸ ਨੂੰ ਮੌਤ ਨਾਲ ਚੈਨ ਮਿਲਣਾ ਸੀ। ਉਹ ਥੱਕ ਚੁੱਕਿਆ ਹੋਵੇਗਾ। ਫ਼ਿਲਿੱਪੀਆਂ ਦੀ ਕਿਤਾਬ ਵਿਚ ਉਨ੍ਹਾਂ ਪਰੇਸ਼ਾਨੀਆਂ ਦੇ ਹਵਾਲੇ ਹਨ, ਜਿਹੜੀਆਂ ਉਸ ਨੇ ਸਹੀਆਂ ਸਨ (1:7, 13, 17, 30; 4:3, 14)। ਇਸ ਤੋਂ ਇਲਾਵਾ ਉਹਦੀਆਂ ਲਿਖਤਾਂ ਦੀਆਂ ਹੋਰ ਝਲਕੀਆਂ ਸਾਨੂੰ ਇਹ ਵਿਚਾਰ ਦਿੰਦੀਆਂ ਹਨ ਕਿ ਉਹ ਕਿਵੇਂ ਥੱਕ ਗਿਆ ਹੋਵੇਗਾ। ਫਿਲੇਮੋਨ 9 ਵਿਚ, ਜੋ ਕਿ ਪੌਲੁਸ ਦੇ ਫ਼ਿਲਿੱਪੀਆਂ ਨੂੰ ਲਿਖਣ ਦੌਰਾਨ ਹੀ ਲਿਖਿਆ ਗਿਆ, ਰਸੂਲ ਨੇ ਆਪਣੇ ਆਪ ਨੂੰ ਕਿਹਾ, ''ਬੁੱਢੇ ਪੌਲੁਸ ਨੂੰ ਜਿਹੜਾ ਯਿਸੂ ਮਸੀਹ ਦਾ ਕੈਦੀ ਹਾਂ।'' 2 ਕੁਰਿੰਥੀਆਂ 11:23–28 ਵਿਚ ਉਸ ਨੇ ਆਪਣੀਆਂ ਕੁਝ ਤਕਲੀਫ਼ਾਂ ਦਾ ਜ਼ਿਕਰ ਕੀਤਾ:

> ਕੀ ਓਹ ਮਸੀਹ ਦੇ ਸੇਵਕ ਹਨ? ... ਮੈਂ ਵਧੀਕ ਹਾਂ, ਅਰਥਾਤ ਮਿਹਨਤਾਂ ਵਿਚ ਵਧੀਕ, ਕੈਦਾਂ ਵਿਚ ਵਧੀਕ, ਮਾਰ ਖਾਣ ਵਿਚ ਹੱਦੋਂ ਬਾਹਰ, ਮੌਤਾਂ ਵਿਚ ਬਹੁਤ ਵਾਰੀ। ਮੈਂ ਪੰਜ ਵਾਰੀ ਯਹੂਦੀਆਂ ਦੇ ਹੱਥੋਂ ਇਕ ਘੱਟ ਚਾਲੀ ਕੋਰੜੇ ਖਾਧੇ। ਤਿੰਨ ਵਾਰ ਬੈਂਤਾਂ ਦੀ ਮਾਰ ਖਾਧੀ, ਇਕ ਵਾਰ ਪਥਰਾਉ ਹੋਇਆ, ਤਿੰਨ ਵਾਰ ਬੇੜੇ ਦੇ ਗਰਕਣ ਤੋਂ ਦੁੱਖ ਭੋਗਿਆ, ਇਕ ਰਾਤ ਦਿਨ ਸਮੁੰਦਰ ਵਿਚ ਕੱਟਿਆ। ਬਹੁਤ ਵਾਰ ਪੈਂਡਿਆਂ ਵਿੱਚ, ਦਰਿਆਵਾਂ ਦਿਆ ਭੌਜਲਾਂ ਵਿੱਚ, ਡਾਕੂਆਂ ਦਿਆਂ ਭੌਜਲਾਂ ਵਿੱਚ, ਆਪਣੀ ਕੌਮ ਵੱਲੋਂ ਭੌਜਲਾਂ ਵਿੱਚ, ਪਰਾਈਆਂ ਕੌਮਾਂ ਦੀ ਵੱਲੋਂ ਭੌਜਲਾਂ ਵਿੱਚ, ਨਗਰ ਦਿਆਂ ਭੌਜਲਾਂ ਵਿੱਚ, ਉਜਾੜ ਦਿਆਂ ਭੌਜਲਾਂ ਵਿੱਚ, ਸਮੁੰਦਰ ਦਿਆਂ ਭੌਜਲਾਂ ਵਿੱਚ, ਖੋਟੇ ਭਰਾਵਾਂ ਦਿਆਂ ਭੌਜਲਾਂ ਵਿੱਚ। ਮਿਹਨਤ ਪੋਹਰਿਆਂ ਵਿੱਚ, ਕਈ ਵਾਰੀ ਉਣੀਂਦਿਆਂ ਵਿੱਚ, ਭੁੱਖ ਅਤੇ ਤਰੇਹ ਵਿੱਚ, ਕਈ ਵਾਰੀ ਫਾਕਿਆਂ ਵਿੱਚ, ਪਾਲੇ ਅਤੇ ਨੰਗੇ ਰਹਿਣ ਵਿਚ ਪਿਆ ਹਾਂ। ਅਤੇ ਹੋਰ ਗੱਲਾਂ ਤੋਂ ਬਾਝ ਸਾਰੀਆਂ ਕਲੀਸੀਆ ਦੀ ਚਿੰਤਾ ਮੈਨੂੰ ਰੋਜ ਆਣ ਦਬਾਉਂਦੀ ਹੈ।

ਪ੍ਰਕਾਸ਼ ਦੀ ਪੋਥੀ 14:13 ਦੀ ਬਰਕਤ ਜੇ ਕਿਸੇ ਤੇ ਲਾਗੂ ਹੁੰਦੀ ਹੈ ਤਾਂ ਯਕੀਨਨ ਉਹ ਪੌਲੁਸ ਹੀ ਹੈ: ''ਫੇਰ ਮੈਂ ਇਕ ਅਵਾਜ਼ ਅਕਾਸ਼ੋਂ ਇਹ ਆਖਦੇ ਸੁਣੀ ਭਈ ਲਿਖ ਲੈ, ਧੰਨ ਓਹ ਮੁਰਦੇ

ਜਿਹੜੇ ਇਦੋਂ ਅੱਗੇ ਪ੍ਰਭੂ ਵਿਚ ਹੋ ਕੇ ਮਰਨ। ਆਤਮਾ ਆਖਦਾ ਹੈ, ਹਾਂ, ਇਸ ਲਈ ਜੋ ਉਨ੍ਹਾਂ ਦੀਆਂ ਮਿਹਨਤਾਂ ਤੋਂ ਉਨ੍ਹਾਂ ਨੂੰ ਅਰਾਮ ਮਿਲੇਗਾ ਕਿਉਂ ਜੋ ਉਨ੍ਹਾਂ ਦੇ ਕੰਮ ਉਨ੍ਹਾਂ ਦੇ ਨਾਲ ਨਾਲ ਜਾਂਦੇ ਹਨ।'' ਪੌਲੁਸ ਲਈ ਮਰ ਜਾਣਾ ਦਾ ਅਰਥ ਪਾਪ, ਬਿਮਾਰੀ ਅਤੇ ਦੁੱਖਾਂ ਤੋਂ ਛੁਟਕਾਰਾ ਸੀ।

ਆਇਤ ਦੇ ਪਹਿਲੇ ਅਤੇ ਆਖ਼ਰੀ ਭਾਗਾਂ ਨੂੰ ਇਕੱਠੇ ਕਰਨਾ ਜ਼ਰੂਰੀ ਹੈ: ''ਕਿਉਂਕਿ ਜੀਉਣਾ ਮੇਰੇ ਲਈ ਮਸੀਹ ਹੈ ਅਤੇ ਮਰਨਾ ਲਾਭ ਹੈ।'' ਪੌਲੁਸ ਲਈ ਮਰ ਜਾਣਾ ਲਾਭ *ਸਿਰਫ਼* ਇਸੇ ਕਰਕੇ ਹੋਣਾ ਸੀ ਕਿਉਂ ਜੋ ਉਹ ਮਸੀਹ ਦੇ ਲਈ ਜ਼ਿੰਦਾ ਰਿਹਾ ਸੀ।

**ਆਇਤ 22.** ਪੌਲੁਸ ਨੇ ਜ਼ਿੰਦਾ ਰਹਿਣ ਦਾ ਇਕ ਹੋਰ ਕਾਰਣ ਦੱਸਿਆ: *ਜੀਵਨ = ਲਾਭਦਾਇਕ ਮਿਹਨਤ*। **ਪਰ ਜੇ ਸਰੀਰ ਵਿਚ ਜੀਉਂਦਾ ਰਹਿਣਾ,**[7] **ਜੇ ਇਸ ਤੋਂ ਮੈਨੂੰ ਮਿਹਨਤ ਦਾ ਫਲ ਪਰਾਪਤ ਹੋਵੇ।** ਜੇ ਉਹ ਜ਼ਿੰਦਾ ਰਹਿੰਦਾ ਤਾਂ ਇਸ ਨਾਲ ਆਪਣੇ ਮਿਸ਼ਨਰੀ ਉਪਰਾਲਿਆਂ ਨੂੰ ਵਧਾਉਣ, ਪ੍ਰਭੂ ਲਈ ਸਿਖਾਉਂਦੇ ਰਹਿਣ ਅਤੇ ਫਲ ਇਕੱਠਾ ਕਰਨ ਦੇ ਮੌਕੇ ਮਿਲਣੇ ਸਨ।

ਪਸੰਦ ਔਖੀ ਸੀ: **ਤਾਂ ਮੈਂ ਨਹੀਂ ਜਾਣਦਾ ਜੋ ਮੈਂ ਕਿਹ ਨੂੰ ਚੁਣਾਂ।** ''ਜਾਣਦਾ'' ਸ਼ਬਦ ਦਾ *gnōrizō* (*ਗਨੋਰਿਜ਼ੋ*) ਤੋਂ ਕੀਤਾ ਗਿਆ ਹੈ ਜਿਸ ਦਾ ਅਰਥ ''ਜਾਣੂ ਕਰਵਾਉਣਾ'' ਜਾਂ ''ਪਰਗਟ ਕਰਨਾ'' ਹੈ।[8] NKJV ਵਿਚ ''ਮੈਂ ਨਹੀਂ ਦੱਸ ਸਕਦਾ ਕਿ ਕਿਸ ਨੂੰ ਚੁਣਾਂ'' ਹੈ। ਅਖ਼ੀਰ ਵਿਚ ਪੌਲੁਸ ਨੇ ਮਾਮਲਾ ਖ਼ੁਦਾ ਦੇ ਹੱਥ ਵਿਚ ਦੇ ਦਿੱਤਾ। ਪੌਲੁਸ ਯਾਕੂਬ 4: 15 ਦੀ ਫ਼ਿਲਾਸਫ਼ੀ ''ਪ੍ਰਭੂ ਚਾਹੇ ਤਾਂ ਅਸੀਂ ਜੀਉਂਦੇ ਰਹਾਂਗੇ ਅਤੇ ਇਹ ਜਾਂ ਉਹ ਕੰਮ ਕਰਾਂਗੇ'' ਵਿਚ ਯਕੀਨ ਰਖਦਾ ਸੀ।

**ਆਇਤ 23.** ਫੈਸਲਾ ਭਾਵੇਂ ਔਖਾ ਸੀ ਪਰ ਪੌਲੁਸ ਦੀ ਆਪਣੀ ਸ਼ਖ਼ਸੀ ਪਹਿਲ ਸੀ। ਮੌਤ ਨੂੰ ਚੁਣਨ ਖ਼ਾਤਰ ਉਸ ਚੋਟੀ ਦਾ ਕਾਰਣ ਦਿੰਦਾ ਹੈ: *ਮੌਤ = ਪ੍ਰਭੂ* ਨਾਲ ਰਹਿਣ ਦੀ ਵਿਦਾਈ। **ਮੈਂ ਚਾਹੁੰਦਾ ਹਾਂ ਭਈ ਛੁਟਕਾਰਾ ਪਾਵਾਂ ਅਤੇ ਮਸੀਹ ਦੇ ਕੋਲ ਜਾ ਰਹਾਂ ਇਸ ਲਈ ਜੋ ਇਹ ਬਹੁਤ ਹੀ ਉੱਤਮ ਹੈ।** ਇਸ ਗੱਲ ਤੇ ਜ਼ੋਰ ਦੇਣ ਲਈ ਕਿ ''ਛੁਟਕਾਰਾ ਪਾਵਾਂ ਅਤੇ ਮਸੀਹ ਦੇ ਕੋਲ ਜਾ ਰਹਾਂ'' ਕਿੰਨਾ ਅਦਭੁਤ ਹੋਵੇਗਾ, ਰਸੂਲ ਨੇ ਤਿੰਨ ਤੁਲਨਾਵਾਂ ਦੀ ਵਰਤੋਂ ਕੀਤੀ ਹੈ। ਇਹ ਸਿਰਫ਼ ''ਉੱਤਮ'' ਹੀ ਨਹੀਂ ਹੋਣਾ ਸੀ। ਇਹ ਸਿਰਫ਼ ''ਬਹੁਤ ਬੇਹਤਰ'' ਨਹੀਂ ਬਲਕਿ ''ਬਹੁਤ ਹੀ ਉੱਤਮ'' ਹੋਣਾ ਸੀ।

ਪੌਲੁਸ ਨੂੰ ਕਿਵੇਂ ਪਤਾ ਸੀ ਕਿ ਇਸ ਜੀਵਨ ਨੂੰ ਛੱਡਣਾ ਕਿੰਨਾ ਅਦਭੁਤ ਹੋਵੇਗਾ? ਉਸ ਨੂੰ ਪਹਿਲਾਂ ਆਉਣ ਉਸ ਸੰਸਾਰ ਦੀ ਮਰਿਆਦਾ ਦੀ ਇਕ ਝਲਕ ਵਿਖਾਈ ਗਈ ਸੀ, ਜਦ ਉਹ ''ਬਹੁਤ ਬੇਹਤਰ'' ਹੋਣਾ ਸੀ। ਉਸ ਨੂੰ ਆਉਣ ਵਾਲੇ ਸੰਸਾਰ ਦੀ ਇਕ ਝਲਕ ਵਿਖਾਈ ਗਈ ਸੀ ਜਦ ਉਸ ਨੂੰ ''ਤੀਜੇ ਅਕਾਸ਼ ਉੱਤੇ ... ਫ਼ਿਰਦੌਸ ਉੱਤੇ ਖਿੱਚ'' ਲਿਆ ਗਿਆ ਸੀ (2 ਕੁਰਿੰਥੀਆਂ 12: 1–4)। 2 ਕੁਰਿੰਥੀਆਂ 12 ਵਿਚ ਭਾਵੇਂ ਸਿਰਫ਼ ਸੁਣਨ ਦਾ ਜ਼ਿਕਰ ਹੈ, ਪਰ ਪੌਲੁਸ ਨੂੰ ਹੋਰ ਤਰੀਕਿਆਂ ਨਾਲ ਪਤਾ ਲੱਗਾ ਹੋਵੇਗਾ ਕਿ ਫ਼ਿਰਦੌਸ ਕਿਹੋ ਜਿਹਾ ਹੈ। ਅਸੀਂ ਕਲਪਨਾ ਹੀ ਕਰ ਸਕਦੇ ਹਾਂ ਕਿ ਜਿਹਨੇ ਅਗਲੇ ਜੀਵਨ ਨੂੰ ਵੇਖ ਲਿਆ ਹੋਵੇ, ਉਹਦੇ ਲਈ ਇਹ ਜੀਵਨ ਕਿਹੋ ਜਿਹਾ ਲਗਦਾ ਹੋਵੇਗਾ। ਤੁਲਨਾ ਕਰਨ ਤੇ ਇਸ ਜੀਵਨ ਦੀਆਂ ਬੇਹੱਦ ਖ਼ੂਬਸੂਰਤ ਚੀਜ਼ਾਂ ਵੀ ਬੇਕਾਰ ਲਗਦੀਆਂ ਹੋਣਗੀਆਂ, ਸਭ ਤੋਂ ਕੀਮਤੀ ਚੀਜ਼ਾਂ ਵੀ ਫ਼ਜ਼ੂਲ ਲਗਦੀਆਂ ਹੋਣਗੀਆਂ। ਇਕਾਂਤ ਵਿਚ ਉਹਦਾ ਮਨ ਦੁੱਖ ਅਤੇ ਕਸ਼ਟ ਦੇ ਇਸ ਸੰਸਾਰ ਨੂੰ ਛੱਡ ਕੇ ਫ਼ਿਰਦੌਸ ਵਿਚ ਵਾਪਸ ਜਾਣ ਨੂੰ ਕਿੰਨਾ ਲੋਚਦਾ ਹੋਵੇਗਾ?

ਪੌਲੁਸ ਨੇ ਮੌਤ ਲਈ ਇਕ ਖ਼ੂਬਸੂਰਤ ਭਾਸ਼ਾ ''ਛੁਟਕਾਰਾ ਪਾਵਾਂ ਅਤੇ ਮਸੀਹ ਦੇ ਕੋਲ ਜਾ ਰਹਾਂ'' ਵਰਤੀ। ''ਜਾ ਰਹਾਂ'' ਯੂਨਾਨੀ ਸ਼ਬਦ (*analuō*, *ਅਨਾਲੁਓ* ਦੇ ਇਕ ਰੂਪ) ਦਾ ਅਨੁਵਾਦ ਹੈ, ਜਿਹੜਾ ''ਖੋਲ੍ਹਣਾ'' *luō* (*ਲੁਓ*) ਦੇ ਅਰਥ ਵਾਲੀ ਕਿਰਿਆ ਦੇ ਨਾਲ ''ਉੱਪਰ'' *ana* (*ਐਨਾ*) ਪੂਰਵਸਰਗ ਨੂੰ ਮਿਲਾਉਂਦਾ ਹੈ। ਇਸ ਸ਼ਬਦ ਦੀ ਵਰਤੋਂ ਤੰਬੂ ਖੋਲ੍ਹ ਕੇ ਅੱਗੇ ਵਧਣ, ਜਹਾਜ਼ ਦੇ ਲੰਗਰ ਖੋਲ੍ਹਣ, ਗੁਲਾਮ ਜਾਂ ਕੈਦੀ ਨੂੰ ਅਜ਼ਾਦ ਕਰਨ ਲਈ ਕੀਤੀ ਜਾਂਦੀ ਸੀ।[9] ਪੌਲੁਸ ਨੇ ਮੌਤ ਨੂੰ ਕੂਚ ਵਜੋਂ ਵੇਖਿਆ। ਮਸੀਹੀ ਆਦਮੀ ਲਈ ਵੀ ਜ਼ਿੰਦਗੀ ਇਕ ਸਫ਼ਰ ਹੈ ਅਤੇ ਮੰਜ਼ਿਲ ਮਸੀਹ ਦੇ ਨਾਲ ਹੋਣਾ ਹੈ। ਆਮ

ਤੌਰ ਤੇ ਉਸ ਮੰਜ਼ਿਲ ਤਕ ਪਹੁੰਚਣ ਲਈ ਮੌਤ ਜ਼ਰੂਰੀ ਹੈ। ਅਪਵਾਦ ਕੇਵਲ ਉਹ ਵਿਸ਼ਵਾਸੀ ਮਸੀਹੀ ਹਨ ਜਿਹੜੇ ਮਸੀਹ ਦੇ ਆਉਣ ਵੇਲੇ ਜ਼ਿੰਦਾ ਹੋਣਗੇ।

ਇਸ ਗੱਲ ਤੇ ਜ਼ੋਰ ਹੈ ਕਿ ਪੌਲੁਸ ਲਈ *ਮੌਤ = ਮਸੀਹ ਦੇ ਨਾਲ ਹੋਣਾ*। ਮੌਤ ਉਸ ਦੇ ਲਈ ਦੁੱਖਾਂ, ਕਸ਼ਟਾਂ ਤੋਂ ਛੁਟਕਾਰਾ ਹੀ ਨਹੀਂ ਸੀ। ਇਹ ਉਸ ਤੋਂ ਕਿਤੇ ਵੱਧ ਸੀ ਮਰਨ ਦਾ ਭਾਵ ਆਪਣੇ ਅਨਮੋਲ ਪ੍ਰਭੂ ਦੇ ਕੋਲ ਜਾਣਾ ਹੈ।[10]

**ਆਇਤ 24.** ਵਿਚ ਪੌਲੁਸ ਨੇ ਜੀਉਣ ਦਾ ਇਕ ਹੋਰ ਕਾਰਣ *ਜ਼ਿੰਦਗੀ = ਦੂਜਿਆਂ ਵਾਸਤੇ ਜੀਉਣ ਦੇ ਹੋਰ ਮੌਕੇ* ਦੱਸੇ। **ਪਰ ਸਰੀਰ ਵਿਚ ਮੇਰਾ ਰਹਿਣਾ ਤੁਹਾਡੇ ਨਮਿੱਤ ਵਧੀਕ ਲੋੜੀਦਾ ਹੈ।** ਮੌਤ ਪਿੱਛੋਂ ਯਿਸੂ ਦੇ ਨਾਲ ਹੋਣਾ ''ਬਹੁਤ ਹੀ ਚੰਗਾ'' ਸੀ। ਪਰ ਜ਼ਿੰਦਾ ਰਹਿ ਕੇ ਦੂਜਿਆਂ ਦੀ ਮਦਦ ਕਰਨਾ ''ਹੋਰ ਵੀ ਜ਼ਰੂਰੀ'' ਹੈ।

## ਪੌਲੁਸ ਦਾ ਫੈਸਲਾ (1:25, 26)

**25ਅਤੇ ਇਸ ਗੱਲ ਦੀ ਪਰਤੀਤ ਹੋਣ ਕਰਕੇ ਮੈਂ ਜਾਣਦਾ ਹਾਂ ਜੋ ਮੈਂ ਜੀਉਂਦਾ ਰਹਾਂਗਾ ਅਤੇ ਤੁਸਾਂ ਸਭਨਾਂ ਦੇ ਨਾਲ ਠਹਿਰਾਂਗਾ ਭਈ ਨਿਹਚਾ ਵਿਚ ਤੁਹਾਡੀ ਉੱਨਤੀ ਅਤੇ ਅਨੰਦ ਹੋਵੇ। 26ਤਾਂ ਜੋ ਮਸੀਹ ਯਿਸੂ ਵਿਚ ਤੁਹਾਡਾ ਅਭਮਾਨ ਜੋ ਮੇਰੇ ਉੱਤੇ ਹੈ ਤੁਹਾਡੇ ਕੋਲ ਮੇਰੇ ਫੇਰ ਆਉਣ ਕਰਕੇ ਵਧ ਜਾਵੇ।**

**ਆਇਤਾਂ 25, 26.** ਪਿਛਲੀ ਅਨਿਸ਼ਚਤਤਾ ਤੋਂ ਇਕਦਮ ਬਦਲਾਅ ਆ ਜਾਂਦਾ ਹੈ। ਕਈਆਂ ਨੇ ਅੰਦਾਜ਼ਾ ਲਾਇਆ ਹੈ ਕਿ ਪੌਲੁਸ ਨੂੰ ਉੱਥੇ ਇਕ ਖ਼ਾਸ ਪ੍ਰਕਾਸ਼ਨ/ਮੁਕਾਸ਼ਫਾ ਮਿਲਿਆ ਸੀ ਅਤੇ ਸੰਭਾਵਨਾ ਹੈ ਕਿ ਜਦ ਉਸ ਨੇ ਕਿਹਾ ਕਿ ''ਸਰੀਰ ਵਿਚ ਜੀਉਂਦਾ ਰਹਿਣਾ ਤੁਹਾਡੇ ਕਾਰਣ ਵਧੀਕ ਲੋੜੀਂਦਾ ਹੈ'' (1:24), ਤਾਂ ਇਸ ਨਾਲ ਉਸ ਦੇ ਮਨ ਦੀ ਗੱਲ ਸਮਝ ਆ ਗਈ। ਪੌਲੁਸ ਵਿਚ ਜ਼ਿੰਮੇਵਾਰੀ ਦੀ ਇਕ ਡੂੰਘੀ ਭਾਵਨਾ ਸੀ। ਉਹ ਬੇਗਰਜ਼ ਸੀ। ਉਹ ਦੂਜਿਆਂ ਨੂੰ ''ਹਾਂ'' ਕਹਿਣ ਲਈ ਆਪਣੇ ਆਪ ਨੂੰ ''ਨਾਂਹ'' ਕਹਿ ਸਕਦਾ ਸੀ।

ਪੌਲੁਸ ਦੇ ਫ਼ੈਸਲੇ ਨੂੰ ਚੰਗੀ ਤਰ੍ਹਾਂ ਸਮਝਣ ਲਈ ਇਨ੍ਹਾਂ ਸ਼ਬਦਾਂ ਤੇ ਕੁਝ ਵਿਚਾਰ ਕਰਦੇ ਹਾਂ। ਰਸੂਲਾਂ ਨੇ ਪਹਿਲਾਂ ਕਿਹਾ ਸੀ, **ਇਸ ਗੱਲ ਦੀ ਪਰਤੀਤ** ਹੈ। ਉਸ ਨੂੰ ''ਪਰਤੀਤ/ਯਕੀਨ'' ਸੀ ਕਿ ਆਪਣੇ ਪਾਠਕਾਂ ਦੀ ਖ਼ਾਤਰ ਸਰੀਰ ਵਿਚ ਰਹਿਣਾ ਉਹਦੇ ਲਈ ''ਹੋਰ ਵੀ ਲੋੜੀਂਦਾ'' ਸੀ।

ਫਿਰ ਉਸ ਨੇ ਕਿਹਾ, **ਮੈਂ ਜਾਣਦਾ ਹਾਂ ਜੋ ਮੈਂ ਜੀਉਂਦਾ ਰਹਾਂਗਾ ਅਤੇ ਤੁਸਾਂ ਸਭਨਾਂ ਦੇ ਨਾਲ ਠਹਿਰਾਂਗਾ।** ਦੂਜੇ ਸ਼ਬਦਾਂ ਵਿਚ ''ਮੈਨੂੰ ਪਤਾ ਹੈ ਕਿ ਮੈਂ ਜੀਵਾਂਗਾ।'' ''ਮੈਂ ਜਾਣਾ ਹਾਂ'' ਵਾਕਅੰਸ਼ ਤੇ ਹੋ ਸਕਦਾ ਹੈ ਕਿ ਉਨ੍ਹਾਂ ਯਕੀਨ ਨਾ ਹੋਵੇ ਜਿਵੇਂ ਕਿ ਪਹਿਲਾਂ ਜਾਪਦਾ ਹੈ। ਸੰਦਰਭ ਤੋਂ ਸੰਕੇਤ ਮਿਲਦਾ ਹੈ ਕਿ ਪੌਲੁਸ ਦੇ ਮਨ ਵਿਚ ਅਜੇ ਵੀ ਇਹੀ ਸੀ ਕਿ ਉਹਦੀ ਪੇਸ਼ੀਮਗਰੋਂ ਕੀ ਹੋਣ ਵਾਲਾ ਹੈ। ਤਾਂ ਵੀ ਉਸ ਨੂੰ ਇਹ ਪੱਕਾ ਲਗਦਾ ਸੀ ਕਿ ਉਹ ਛੁੱਟ ਜਾਵੇਗਾ। ਅਤੇ ਫ਼ਿਲਿੱਪੀਆਂ ਨੂੰ ਮੁੜ ਮਿਲ ਪਾਵੇਗਾ। ਫਿਲੇਮੋਨ ਦੇ ਨਾਂਅ ਖ਼ਤ ਵਿਚ, ਜਿਹੜਾ ਕਿ ਲਗਭਗ ਇਸੇ ਦੌਰਾਨ ਹੀ ਲਿਖਿਆ ਗਿਆ ਸੀ, ਪੌਲੁਸ ਨੇ ਕਿਹਾ ਕਿ ਉਸ ਨੂੰ ਉਮੀਦ ਸੀ ਕਿ ਉਹ ਫਿਲੇਮੋਨ ਨੂੰ ਛੇਤੀ ਮਿਲੇਗਾ (ਫਿਲੇਮੋਨ 22)।

''ਜੀਉਂਦਾ ਰਹਾਂਗਾ ਅਤੇ ਤੁਸਾਂ ਸਭਨਾਂ ਨਾਲ ਠਹਿਰਾਂਗਾ'' ਸ਼ਬਦਾਂ ਦਾ ਖੇਡ ਹੈ। ''ਜੀਉਂਦਾ'' ਅਤੇ ''ਰਹਾਂਗਾ'' ਦਾ ਅਨੁਵਾਦ ਇੱਕੋ ਮੂਲ ਸ਼ਬਦ ਤੋਂ ਕੀਤਾ ਗਿਆ ਹੈ। ''ਜੀਉਂਦਾ'' ਦਾ ਅਨੁਵਾਦ *menō* (*ਮੇਨੋ*) ਤੋਂ ਹੋਇਆ ਹੈ ਜਦ ਕਿ ''ਰਹਾਂਗਾ'' ਦਾ ਅਨੁਵਾਦ ਪੂਰਵਸਰਗ ''ਦੇ ਨਾਲ'' ਦੇ ਅਰਥ ਵਾਲੇ ਪੂਰਵਸਰਗ *para* (*ਪੈਰਾ*) ਦੇ ਨਾਲ *menō* (*ਮੇਨੋ*) ਨੂੰ ਮਿਲਾਉਣ ਵਾਲੇ ਮਿਸਰਤ ਸ਼ਬਦ ਤੋਂ ਕੀਤਾ ਗਿਆ ਹੈ। ਪੌਲੁਸ ਨੇ ਕਿਹਾ, ''ਮੈਂ ਜੀਉਂਦਾ ਰਹਾਂਗਾ ਤੇ ਸਿਰਫ਼ ਇਹੀ ਨਹੀਂ; ਮੈਂ

ਤੁਹਾਡੇ ਸਭਨਾਂ ਨਾਲ ਠਹਿਰਾਂਗਾ। ਮੈਂ ਤੁਹਾਡੇ ਨਾਲ ਹੋਵਾਂਗਾ।''

ਇਹ ਫ਼ਿਲਿੱਪੀਆਂ ਦੀ **ਨਿਹਚਾ ਵਿਚ ਉੱਨਤੀ ਅਤੇ ਅਨੰਦ** ਵਿਚ ਯੋਗਦਾਨ ਹੋਣਾ ਸੀ। ''ਨਿਹਚਾ'' ਦਾ ਭਾਵ ਯਿਸੂ ਵਿਚ ਨਿਹਚਾ ਤੇ ਕੇਂਦਰਿਤ ਸਿੱਖਿਆ ਭਾਵ ਨਵੇਂ ਨੇਮ ਵਿਚ ਪਰਗਟ ਕੀਤਾ ਗਿਆ ਪੂਰਾ ਮਸੀਹੀ ਪ੍ਰਬੰਧ ਹੈ। ਪੌਲੁਸ ਫ਼ਿਲਿੱਪੀਆਂ ਦੀ ਨਿਹਚਾ ਨੂੰ ਪੱਕਾ ਵੇਖਣਾ ਚਾਹੁੰਦਾ ਸੀ। ਭਾਵ ਉਨੱਤੀ ਵੇਖਣਾ ਚਾਹੁੰਦਾ ਸੀ। ਤਾਂ ਜੋ ਉਹ ਨਿਹਚਾ ਵਿਚ ''ਅਨੰਦ'' ਕਰ ਸਕੇ। ਨਿਹਚਾ ਵਿਚ ਅਨੰਦ ਹੋਣ ਲਈ ਨਿਹਚਾ ਵਿਚ ਪੱਕਾ ਹੋਣਾ ਜ਼ਰੂਰੀ ਹੈ।

ਪੌਲੁਸ ਦੇ ਉਨ੍ਹਾਂ ਕੋਲ ਦੁਬਾਰਾ ਆਉਣ ਦਾ ਫ਼ਾਇਦਾ ਇਹ ਹੋਣਾ ਸੀ ਕਿ **ਮਸੀਹ ਯਿਸੂ ਵਿਚ** ਫ਼ਿਲਿੱਪੀਆਂ ਦਾ **ਅਭਮਾਨ** ਵਧ ਜਾਣਾ ਸੀ।

> ਉਹਦੇ ''ਆਉਣ'' *parousia* (*ਪੈਰੋਸਿਆ*) ਦਾ ਖ਼ਾਸ ਅਰਥ ਹੋਣਾ ਸੀ। ਇਹ ਸ਼ਬਦ ਮੂਲ ਰੂਪ ਵਿਚ ਕਿਸੇ ਜੇਤੂ ਜਾ ਰਾਜੇ ਦੇ ਨਗਰ ਵਿਚ ਰਿਵਾਇਤੀ ਦਾਖਲੇ ਲਈ ਇਸਤੇਮਾਲ ਹੋਣਾ ਸੀ। ਜੇ ਪੌਲੁਸ ਆਉਂਦਾ ਇਸ ਵਿਚ ਜਿੱਤ ਦੀ ਭਾਵਨਾ ਹੋਣੀ ਸੀ, ਪਰ ਜੇ ਨਾ ਆਉਂਦਾ ਤਾਂ ਹਾਰ ਵੀ ਨਹੀਂ ਸੀ। ਉਹੀ ਸ਼ਬਦ ਮਸੀਹ ਦੇ ਆਉਣ ਲਈ ਅਰਧ–ਤਕਨੀਤੀ ਸ਼ਬਦ ਹੈ (ਤੁਲਣਾ 1 ਥੱਸਲੁਨੀਕੀਆਂ 2:19; 3:13; 4:15; 5:23)।[11]

## ਪ੍ਰਾਸੰਗਿਕਤਾ

**ਮੌਤ ਲਾਭ ਕਦੋਂ ਹੁੰਦੀ ਹੈ** (1:21)

''ਮਰਨਾ ਲਾਭ ਹੈ'' ਪਰ ਸਿਰਫ਼ ਤਦੇ ਜੇ ''ਜੀਉਣਾ ਮਸੀਹ ਹੈ।'' ਪ੍ਰਕਾਸ਼ ਦੀ ਪੋਥੀ 14:13 ਦਾ ਵਾਅਦਾ ਉਨ੍ਹਾਂ ਲਈ ਹੈ ''ਜਿਹੜੇ *ਪ੍ਰਭੂ ਵਿਚ* ਹੋ ਕੇ ਮਰਨ।'' ਜੇ ਤੁਸੀਂ ਇਹ ਆਖੋ ਕਿ ''ਮੇਰੇ ਲਈ ਜੀਉਣਾ ਪੈਸਾ ਹੈ''– ਜਾਂ ''ਐਸ਼'' ਜਾਂ ਮਸੀਹ ਤੋਂ ਛੁੱਟ ਕੋਈ ਹੋਰ ਚੀਜ਼ ਹੈ ਤਾਂ? ਇਨ੍ਹਾਂ ਵਾਕਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰੋ: ''ਜੇ ਜੀਉਣਾ ਪੈਸਾ ਤਾਂ ਮਰਨਾ ________________ ਹੈ''; ''ਜੇ ਜੀਉਣਾ ਐਸ਼ ਐ ਤਾਂ ਮਰਨਾ ________________'' ਜਵਾਬ ਮੱਤੀ 16:26 ਵਿਚ ਮਿਲਦੇ ਹਨ। ਤੁਹਾਡੇ ਲਈ ਜੇ ਜੀਉਣਾ ਮਸੀਹ ਹੈ ਤਾਂ ਮਰਨਾ ਲਾਭ ਹੋਵੇਗਾ। ਤੁਹਾਡੇ ਲਈ ਜੇ ਜੀਉਣਾ ਕੋਈ ਹੋਰ ਚੀਜ਼ ਹੈ ਤਾਂ ਮਰਨਾ ਨੁਕਸਾਨ ਹੋਵੇਗਾ।

**''ਇਸ ਗੱਲ ਦੀ ਪਰਤੀਤ''** (1:25, 26)

ਸਾਡੇ ਫੈਸਲੇ ਉਸੇ ਤੇ ਅਧਾਰਿਤ ਨਹੀਂ ਹੋਣੇ ਚਾਹੀਦੇ ਜੋ ਸਾਡੇ ਲਈ ਚੰਗਾ ਹੈ ਬਲਕਿ ਇਸ ਤੇ ਵੀ ਅਧਾਰਿਤ ਹੋਣੇ ਚਾਹੀਦੇ ਹਨ ਜੋ ਦੂਜਿਆਂ ਲਈ ਚੰਗਾ ਹੈ। ਮੌਤ ਦੇ ਨੇੜੇ ਆਉਣ ਤੇ ਵੀ ਇਹੀ ਗੱਲ ਸੱਚ ਹੈ। ਅੱਜ ਸੰਸਾਰ ਦੇ ਕਈ ਹਿੱਸਿਆਂ ਵਿਚ ਵੀ ''ਅਸਾਨ ਮੌਤ'' ਜਾਂ ''ਬਿਨਾਂ ਤਕਲੀਫ਼ ਦੇ ਮੌਤ'' ਦੀਆਂ ਬੜੀਆਂ ਗੱਲਾਂ ਹੁੰਦੀਆਂ ਹਨ। ''ਅਸਾਨ ਮੌਤ'' ਲਈ *euthanasia* ਯੂਨਾਨੀ ਸ਼ਬਦ ਦਾ ਅੰਗ੍ਰੇਜ਼ੀ ਰੂਪ ਹੈ ਜੋ ''ਮੌਤ'' *thanatos* (*ਥੈਨਾਟੋਸ*) ਸ਼ਬਦ ਦੇ ਨਾਲ ''ਚੰਗੀ'' ਜਾਂ ''ਬੇਹਤਰ'' *eu* (*ਯੂ*) ਦੇ ਅਰਥ ਵਾਲੇ ਪਿਛੇਤਰ ਨੂੰ ਮਿਲਾਉਂਦਾ ਹੈ। ਇਸ ਦੇ ਕਿਰਿਆ ਰੂਪ ਦਾ ਅਰਥ ''ਚੰਗੀ ਮੌਤ'' ਹੀ ''ਪ੍ਰਭੂ ਵਿਚ ਮੌਤ'' ਹੈ।

ਮਸੀਹੀ ਵਿਅਕਤੀ ਲਈ ਖੁਦਕੁਸ਼ੀ ਕੋਈ ਵਿਕਲਪ ਨਹੀਂ ਹੈ। ਮਸੀਹੀ ਵਿਅਕਤੀ ਆਪਣੀ ਮੌਤ ਦਾ ਸਮਾਂ ਖ਼ੁਦਾ ਦੇ ਹੱਥ ਛੱਡ ਦਿੰਦਾ ਹੈ। ਉਹ ਕਥਿਤ ''ਅਸਾਨ ਰਾਹ'' ਨਹੀਂ ਚੁਣਦਾ, ਇਸ ਤੋਂ ਉਸ ਨੂੰ ਮਦਦ ਮਿਲੇ ਜਾ ਨਾ। ਮਰਦੇ ਮਰਦੇ ਵੀ ਮਸੀਹੀ ਆਦਮੀ ਕੁਝ ਅਜਿਹਾ ਕਹਿਣ ਦਾ ਮੌਕਾ ਲੱਭ ਸਕਦਾ ਹੈ ਜਿਸ ਨਾਲ ਦੂਜਿਆਂ ਨੂੰ ਮਦਦ ਮਿਲ ਸਕੇ। ਕੁਝ ਵੀ ਨਾ ਹੋਵੇ, ਤਾਂ ਵੀ ਮਸੀਹੀ ਆਦਮੀ

ਮਰਨ ਵਿਚ ਵੀ ਪ੍ਰਭੂ ਵਿਚ ਹਿੰਮਤ ਨਾਲ ਮਰਨ ਦਾ ਤਰੀਕਾ ਦੱਸ ਕੇ ਨਮੂਨਾ ਛੱਡ ਸਕਦਾ ਹੈ।

---

ਟਿੱਪਣੀਆਂ

[1]ਸ਼ੇਕਸਪੀਅਰ। ਉਸ ਦਾ ਨਾਟਕ *ਦ ਟ੍ਰੈਜੀਕਲ ਹਿਸਟਰੀ ਆਫ਼ ਹੈਮਲੇਟ ਪ੍ਰਿੰਸ ਆਫ਼ ਡੈਨਮਾਰਕ* ਸਨ 1600 ਦੇ ਨੇੜੇ ਲਿਖਿਆ ਗਿਆ ਸੀ। ਹੈਮਲੇਟ ਦੀ ਖ਼ੁਦਕਲਾਮੀ ਐਕਟ III, ਦ੍ਰਿਸ਼ 1 ਵਿਚ ਮਿਲਦੀ ਹੈ। [2]ਵਿਲੀਅਮ ਬਾਰਕਲੇ, *ਦ ਲੈਟਰਜ਼ ਟੂ ਦ ਫ਼ਿਲਿੱਪੀਅੰਜ਼, ਕੋਲੋਸੀਅੰਜ਼, ਐਂਡ ਥੱਸਲੋਨੀਅੰਜ਼*, ਸੋਧਿਆ ਅੰਕ, ਦ ਡੇਅਲੀ ਸਟੱਡੀ ਬਾਈਬਲ ਸੀਰੀਜ਼ (ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈੱਸ, 1975), 27. [3]ਪੈਟ ਐਡਵਿਨ ਹੈਰੱਲ, *ਦ ਲੈਟਰ ਆਫ਼ ਪੌਲ ਟੂ ਦ ਫ਼ਿਲਿੱਪੀਅੰਜ਼*, ਦ ਲਿਵਿੰਗ ਵਰਡ ਕਮੈਂਟਰੀ (ਆਸਟਿਨ, ਟੈਕਸਸ: ਆਰ. ਬੀ. ਸਵੀਟ ਕੰ., 1969), 73. [4]ਹੈਮਲੇਟ ਦੀ ''ਹਾਲਤ ਅਖ਼ੀਰ ਹਾਰ ਵਾਲੀ'' ਸੀ ਜਦ ਕਿ ਪੌਲੁਸ ਦੀ ''ਅਖ਼ੀਰ ਨੂੰ ਜਿੱਤ ਵਾਲੀ ਹਾਲਤ'' ਸੀ। [5]ਬੇਸ਼ੱਕ ਪੌਲੁਸ ਨੇ ਆਪਣੇ ਸ਼ਬਦ ਦੂਜਿਆਂ ਲਈ ਆਖੇ ਪਰ ਕਈ ਲੇਖਕਾਂ ਨੇ ਇਸ ਹਵਾਲੇ ਨੂੰ ਖ਼ੁਦਕਲਾਮੀ ਨਾਲ ਮਿਲਾਇਆ ਹੈ। ਬਰਟਨ ਕੌਫ਼ਮੈਨ ਨੇ ਜ਼ਿੰਦਗੀ ਅਤੇ ਮੌਤ ਤੇ ਰਸੂਲ ਦੀ ਚਰਚਾ ਨੂੰ ''ਪੌਲੁਸ ਦੀ ਵੱਡੀ ਖ਼ੁਦਕਲਾਮੀ'' ਆਖਿਆ (ਜੇਮਸ ਬਰਟਨ ਕੌਫ਼ਮੈਨ, *ਕਮੈਂਟਰੀ ਆਨ ਗਲੇਸ਼ੀਅੰਜ਼, ਇਫ਼ੀਸੀਅੰਜ਼, ਫ਼ਿਲਿੱਪੀਅੰਜ਼, ਕੋਲੋਸੀਅੰਸ਼* [ਔਸਟਿਨ, ਟੈਕਸਸ: ਫ਼ਰਮ ਫਾਉਂਡੇਸ਼ਨ ਪਬਲੀਸ਼ਿੰਗ ਹਾਊਸ, 1977], 270). [6]ਏਵਨ ਮੇਲੋਨ, *ਪ੍ਰੈੱਸ ਟੂ ਦ ਪ੍ਰਾਈਜ਼: ਸਟੱਡੀ ਆਨ ਫ਼ਿਲਿੱਪੀਅੰਜ਼* (ਨੈਸ਼ਵਿਲ: ਟਵੰਟਿਅਥ ਸੈਂਚੁਰੀ ਕ੍ਰਿਸਚਨ, 1991), 39. [7]''ਇਸ ਸੰਦਰਭ ਵਿਚ 'ਸਰੀਰ' (***sarki***) ਦਾ ਅਰਥ ਜਿਵੇਂ ਪੌਲੁਸ ਦੀਆਂ ਲਿਖਤਾਂ ਵਿਚ ਬਾਰ–ਬਾਰ ਆਉਂਦਾ ਹੈ, ਆਪਣੀ ਕਮਜ਼ੋਰੀ ਵਿਚ ਮਨੁੱਖੀ ਸੁਭਾਉ ਨਹੀਂ (1 ਕੁਰਿੰਥੀਆਂ 1:29; ਗਲਾਤੀਆਂ 2:16; ਰੋਮੀਆਂ 7:25; 8:4–9), ਬਲਕਿ ਸਿਰਫ਼ 'ਦੇਹੀ' ਦੇ ਬਰਾਬਰ ਹੈ (ਆਇਤ 20)'' (ਹੈਰੱਲ, 72–73)।[8]*ਦ ਐਨਾਲਿਟਿਕਲ ਗ੍ਰੀਕ ਲੈਕਸਿਕਨ* (ਲੰਡਨ: ਸੈਮੁਏਲ ਬੈਗਸਟਰ ਐਂਡ ਸੰਜ਼, ਲਿਮਟਿਡ, 1971), 80. [9]ਇਸ ਸ਼ਬਦ ਦੀ ਵਰਤੋਂ ਹੋਰ ਤਰੀਕਿਆਂ ਨਾਲ ਕੀਤੀ ਗਈ ਸੀ, ਜਿਵੇਂ ਕਿ ਮੁਸ਼ਕਲ ਦਾ ਹੱਲ ਕਰਨ ਲਈ। ਇਸ ਪੈਰੇ ਵਿਚਲੀ ਜਾਣਕਾਰੀ ਬਾਰਕਲੇ, 28; ਮੇਲੋਨ, 41; ਅਤੇ ਵਾਰੇਨ ਡਬਲਯੂ. ਵਿਅਰਸਬੇ, *ਦ ਬਾਈਬਲ ਐਕਸਪੋਜ਼ਿਸ਼ਨ ਕਮੈਂਟਰੀ*, ਭਾਗ 2 (ਵ੍ਹੀਟਨ, ਇਲਿਨੋਇ: ਵਿਕਟਰ ਬੁਕਸ, 1989), 70 ਤੋਂ ਲਈ ਗਈ। [10]''ਛੁਟਕਾਰਾਂ ਪਾਵਾਂ ਅਤੇ ਮਸੀਹ ਦੇ ਕੋਲ ਜਾ ਰਹਾਂ'' ਵਾਕਰਚਨਾ ਦੀ ਵਰਤੋਂ ਇਹ ਨਹੀਂ ਕਿ ਪੌਲੁਸ ਇਹ ਨਹੀਂ ਆਖ ਰਿਹਾ ਸੀ ਕਿ ਮੁਰਦਿਆਂ ਦੀ ਕੋਈ ਵਿਚਕਾਰਲੀ ਹਾਲਤ ਨਹੀਂ ਹੈ, ਜਿਵੇਂ ਲੂਕਾ 16 ਵਿਚ ਮਸੀਹ ਨੇ ਵਿਖਾਇਆ ਸੀ। ਯਿਸੂ ਦੇ ਇਖ਼ਤਿਆਰ ਵਿਚ ਪਤਾਲ ਲੋਕ ਹੈ (**ਪਰਕਾਸ਼** 1:18)। ਯਿਸੂ ਵਿਚ ਮਰਨ ਤੋਂ ਭਾਵ ਪੂਰੀ ਤਰ੍ਹਾਂ ਨਾਲ ''ਯਿਸੂ ਦੇ ਨਾਲ'' ਹੋਣਾ ਹੈ (ਵੇਖੋ 1 ਥੱਸਲੁਨੀਕੀਆਂ 5:10)। ਦੂਜੀ ਆਮਦ ਅਤੇ ਕਿਆਮਤ ਦੇ ਬਾਅਦ ਜਦੋਂ ਧਰਮੀ ਸੁਰਗ ਵਿਚ ਜਾਣਗੇ, ਅਸੀਂ *ਪੂਰਣ* ਅਰਥ ਵਿਚ ''ਯਿਸੂ ਦੇ ਨਾਲ'' ਹੋਵਾਂਗੇ (ਵੇਖੋ 1 ਥੱਸਲੁਨੀਕੀਆਂ 4:17)।

[11]ਹੈਰੱਲ, 77.